CAREERINDIA

SET – 3

Series : HRK/C

ਕੋਡ ਨੰ. **42/3**

ਰੋਲ ਨੰਬਰ

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **4** ਪੰਨੇ + **2** ਨਕਸ਼ਾ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **30** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages + **2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

www.careerindia

# ਸੰਕਲਿਤ ਪ੍ਰੀਖਿਆ–II

# SUMMATIVE ASSESSMENT – II

# ਸਮਾਜਿਕ ਵਿਗਿਆਨ

## (ਪੰਜਾਬੀ ਉਲਥਾ)

# SOCIAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 90*

*Time allowed : 3 hours* *Maximum Marks : 90*

***ਵਿਆਪਕ ਨਿਰਦੇਸ਼ :***

*(i) ਇਸ ਪ੍ਰਸ਼ਨ ਪੱਤਰ ਵਿੱਚ ਕੁੱਲ **30** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

CAREERINDIA

*(ii) ਹਰ ਪ੍ਰਸ਼ਨ ਦੇ ਸਾਮ੍ਹਣੇ ਉਸ ਲਈ ਨਿਰਧਾਰਿਤ ਅੰਕ ਲਿੱਖੇ ਹੋਏ ਹਨ ।*

*(iii) ਪ੍ਰਸ਼ਨ ਸੰਖਿਆ **1** ਤੋਂ **8** ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ **1** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **30** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ।*

*(iv) ਪ੍ਰਸ਼ਨ ਸੰਖਿਆ **9** ਤੋਂ **20** ਤੱਕ ਹਰ ਇੱਕ ਪ੍ਰਸ਼ਨ **3** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ।*

*(v) ਪ੍ਰਸ਼ਨ ਸੰਖਿਆ **21** ਤੋਂ **28** ਤੱਕ ਹਰ ਇੱਕ ਪ੍ਰਸ਼ਨ **5** ਅੰਕ ਦਾ ਹੈ । ਇਹਨਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉਤਰ **120** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ।*

*(vi) ਪ੍ਰਸ਼ਨ ਸੰਖਿਆ **29** ਅਤੇ **30** ਇਤਿਹਾਸ ਅਤੇ ਭੂਗੋਲ ਦੇ ਮਾਨਚਿੱਤਰ ਸੰਬੰਧੀ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ ਦੇ **3** ਅੰਕ ਹਨ । ਭਰੇ ਹੋਏ ਮਾਨਚਿੱਤਰਾਂ ਨੂੰ ਅਪਣੀ ਉੱਤਰ ਪੁਸਤਿਕਾ ਦੇ ਅੰਦਰ ਨੱਥੀ ਕਰੋ ।*

1. 'ਰਾਜਨੀਤਕ ਦਲ' ਦੇ ਅਰਥ ਸਪਸ਼ਟ ਕਰੋ । **1**

2. ਫਰਾਂਸ ਵਿਚ ਨਾਗਰਕ ਸੰਹਿਤਾ 1804 ਨੂੰ ਕਿਸਨੇ ਲਾਗੂ ਕੀਤਾ ? **1**

   **ਜਾਂ**

   ਵਿਯਤਨਾਮਵਿਚ ਰੇਵੋਲਯੂਸਨਰੀ ਸੋਸਾਇਟੀ ਨੂੰ ਕਿਸਨੇ ਬਣਾਇਆ ਸੀ ?

3. ਜੇਕਰ ਤੁਸੀ ਬਜਾਰ ਤੋਂ ਇਕ 'ਬਿਜਲੀ ਦਾ ਪੱਖਾ' ਖਰੀਦਣਾ ਹੈ ਤਾਂ ਉਸਦੀ ਪਰਕਿਰਤੀ (ਕਵਾਲਟੀ) ਵਲੋਂ ਨਿਸ਼ਚਿੰਤ ਹੋਣ ਦੇ ਲਈ ਤੁਸੀਂ ਉਸ ਉਪਰ ਕਿਹੜਾ ਸ਼ਬਦ ਚਿਨ੍ਹ (ਲੋਗੋ) ਦੇਖਣਾ ਚਾਹੋਗੇ । **1**

4. ਨੇਪਾਲੀ ਕਮਿਯੂਨਿਸਟ ਪਾਰਟੀ ਦੀ ਵਿਚਾਰਧਾਰਾ ਦੂਸਰੀਆਂ ਪਾਰਟੀਆਂ ਤੋਂ ਕਿਵੇਂ ਵਖਰੀ ਸੀ ? **1**

5. ਕਿਸ ਪ੍ਰਕਾਰ ਦੇ ਖਨਿਜ ਮੁੱਖ ਤੌਰਤੇ ਸ਼ਿਰਾਵਾਂ (ਧਾਰੀਆਂ) ਅਤੇ ਜਮਾਵਾਂ (ਪਰਤਾਂ) ਦੇ ਰੂਪ ਵਿਚ ਮਿਲਦੇ ਹਨ ? **1**

6. ਦਬਾਵ ਸਮੂਹ, ਰਾਜਨੀਤਕ ਦਲਾਂ ਤੋਂ ਕਿਵੇਂ ਵੱਖ ਹਨ ? **1**

7. ਕਿਸੇ ਨੂੰ ਭੁਗਤਾਨ ਕਰਦੇ ਸਮੇਂ ਨਕਦ ਕਰੈਂਸੀ (ਮੁਦਰਾ) ਦੀ ਥਾਂ 'ਤੇ ਦੂਸਰਾ ਵਿਕਲਪ ਕੀ ਹੋ ਸਕਦਾ ਹੈ ? **1**

8. 'ਉਦਾਰੀਕਰਨ' ਸ਼ਬਦ ਦੀ ਪਰਿਭਾਸ਼ਾ ਲਿੱਖੋ । **1**

9. ਇਟਲੀ ਦੇ ਏਕੀਕਰਨ ਦੀ ਪਰਕਿਰਿਆ ਦਾ ਵਰਨਨ ਕਰੋ । **3**

   **ਜਾਂ**

   ਵਿਯਤਨਾਮ ਵਿਚ ਰਾਸ਼ਟਰਵਾਦ ਦੀਆਂ ਭਾਵਨਾਵਾਂ ਨੂੰ ਫੈਲਾਣ ਦੇ ਲਈ ਹੋ ਚੀ ਮਿਨ੍ਹ ਦੀ ਭੂਮਿਕਾ ਦਾ ਵਰਨਨ ਕਰੋ ।

10. ਪੈਹਲੀ ਵਿਸ਼ਵ ਜੰਗ ਨੇ ਕਿਵੇਂ ਭਾਰਤ ਵਿਚ ਇਕ ਨਵੀਂ ਆਰਥਕ ਹਾਲਤ ਪੈਦਾ ਕੀਤੀ ? ਤਿੰਨ ਉਦਾਹਰਣਾ ਦੇ ਕੇ ਸਪਸ਼ਟ ਕਰੋ । **$3 \times 1 = 3$**

www.careerindia.com

CAREERINDIA

11. ਲੋਕ ਤੰਤਰ ਨੂੰ ਮਜ਼ਬੂਤ ਕਰਨ ਦੇ ਲਈ ਕਿਹੜੇ ਮੁੱਲ ਸਹਾਇਕ ਹੋ ਸਕਦੇ ਹਨ ? ਆਪਣੇ ਵਿਚਾਰ ਸਪਸ਼ਟ ਕਰੋ । **3**

12. "ਪਰਕਿਰਤਕ ਗੈਸ ਊਰਜਾ ਦਾ ਇਕ ਮਹਤਵਪੂਰਨ ਸਾਧਨ ਹੈ ।" ਕਥਨ ਦੀ ਪੁਸ਼ਟੀ ਕਰੋ । **3**

13. ਭਾਰਤ ਦੇ ਲਈ ਸੀਮਾਂ ਸੜਕਾਂ ਦੀ ਮਹਤਤਾ ਨੂੰ ਸਪਸ਼ਟ ਕਰੋ । **3**

14. "ਦੇਸ਼ ਨੂੰ ਇਕਜੁਟ ਕਰਨ ਦੇ ਲਈ ਮਹਾਤਮਾ ਗਾਂਧੀ ਨੇ ਨਮਕ ਨੂੰ ਇਕ ਸ਼ਕਤੀਸ਼ਾਲੀ ਪ੍ਰਤੀਕ ਦੇ ਰੂਪ ਵਿਚ ਵਰਤਿਆ" ਇਸ ਕਥਨ ਨੂੰ ਉੱਚਤ ਠੈਹਰਾਓ । **3**

15. "ਵਿਸ਼ਵੀਕਰਨ ਉਪਭੋਗਤਾਵਾਂ ਦੇ ਨਾਲ ਨਾਲ ਉਤਪਾਦਕਾਂ ਦੇ ਲਈ ਵੀ ਲਾਭਕਾਇਕ ਰਿਹਾ ਹੈ ।" ਇਸ ਕਥਨ ਦੀ ਪੁਸ਼ਟੀ ਢੁਕਵੀਆਂ ਉਦਾਹਰਣਾ ਦੇ ਕੇ ਕਰੋ । **3**

16. ਸਮਰਥਕ ਰਿਣਾਧਾਰ (collateral) ਕਿਸਨੂੰ ਕਹਿੰਦੇ ਹਨ ? ਉਧਾਰ ਦੇਣ ਵਾਲੇ ਉਧਾਰ ਦੇਂਦੇ ਸਮੇਂ ਸਮਰਥਕ ਰਿਣਾਧਾਰ ਦੀ ਮੰਗ ਕਿਉਂ ਕਰਦੇ ਹਨ ? ਸਪਸ਼ਟ ਕਰੋ । **1 + 2 = 3**

17. ਭਾਰਤ ਵਿਚ ਵਿਸ਼ਵੀਕਰਣ ਨੂੰ ਸੰਭਵ ਬਣਾਉਣ ਵਾਲੇ ਕਿਸੇ ਦੋ ਕਾਰਕਾਂ ਦਾ ਵਰਨਨ ਕਰੋ । ਵਿਸ਼ਵੀਕਰਣ ਕਿਵੇਂ ਨਿਆਂਕਾਰੀ ਹੋ ਸਕਦੀ ਹੈ ? **2 + 1 = 3**

18. ਪਟਸਨ ਉਦਯੋਗ ਦੇ ਪੱਛਮੀ ਬੰਗਾਲ ਵਿਚ ਕੇਂਦਰਤ ਹੋਣ ਦੇ ਕਿਸੇ ਤਿੰਨ ਕਾਰਕਾਂ ਦਾ ਵਰਨਨ ਕਰੋ । **3 × 1 = 3**

19. "ਭਾਰਤ ਵਿਚ ਖਣਿਜ ਸੰਸਾਧਨਾ ਦੀ ਵੰਡ ਅਸਮਾਨ ਹੈ ।" ਢੁਕਵੀਆਂ ਉਦਾਹਰਣਾ ਨਾਲ ਇਸ ਕਥਨ ਦੀ ਪੁਸ਼ਟੀ ਕਰੋ । **3**

20. ਭਾਰਤ ਵਿਸ ਸੂਤੀ ਵਸਤਰ ਉਦਯੋਗ ਦੇ ਸਾਮ੍ਹਣੇ ਆਈਆਂ ਕਿਸੇ ਤਿੰਨ ਵੱਡੀਆਂ ਸਮਸਿਆਵਾਂ ਦੀ ਵਰਨਨ ਕਰੋ । **3 × 1 = 3**

21. ਨੇਪਾਲ ਅਤੇ ਬੋਲਿਵਿਆਂ ਦੇ ਜਨ ਸੰਘਰਸ਼ਾਂ ਦੀ ਤੁਲਨਾ ਕਰੋ । **5**

22. "ਕਿਸੇ ਦੇਸ਼ ਦੀ ਆਰਥਕ ਤਰੱਕੀ ਵਿਨਿਰਮਾਣ (ਮੇਨੁਫੇਕਚਰਿੰਗ) ਉਦਯੋਗਾਂ ਤੋਂ ਸਾਧੀ ਜਾਂਦੀ ਹੈ ।" ਇਸ ਕਥਨ ਦਾ ਵਿਸ਼ਲੇਸ਼ਣ ਕਰੋ । **5**

23. ਨੇਪੋਲਿਯਨ ਰਾਹੀਂ ਆਪਣੇ ਕਾਬੂ (ਕੰਟਰੋਲ) ਹੇਠ ਖੇਤਰਾਂ ਵਿਚ ਸ਼ੁਰੂ ਕੀਤੇ ਗਏ ਕਿਸੇ ਪੰਜ ਸੁਧਾਰਾਂ ਦੀ ਵਿਆਖਿਆ ਕਰੋ । **5**

**ਜਾਂ**

ਵਿਯਤਨਾਮ ਵਿਚ ਰਾਸ਼ਟਰਵਾਦ ਕਿਵੇਂ ਪਰਗਟ ਹੋਇਆ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ ।

24. "ਭਾਰਤ ਵਿਚ ਇਤਹਾਸ ਅਤੇ ਸਾਹਿਤ, ਲੋਕ ਕਥਾਵਾਂ ਅਤੇ ਗੀਤ, ਹਰਮਨ ਪਿਆਰੇ ਚਿੱਤਰ ਅਤੇ ਪ੍ਰਤੀਕ, ਸਭਨਾਂ ਨੇ ਰਾਸ਼ਟਰਵਾਦ ਨੂੰ ਸਾਕਾਰ ਕਰਨ ਵਿਚ ਆਪਣਾ ਹਿੱਸਾ ਪਾਇਆ ।" ਇਸ ਕਥਨ ਦੀ ਪੁਸ਼ਟੀ ਕਰੋ । **5**

25. ਭਾਰਤ ਦੀ ਅਰਥ ਵਿਵਸਥਾ ਵਿਚ ਬੈਂਕ ਕਿਵੇਂ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ ? ਸਪਸ਼ਟ ਕਰੋ । **5**

www.careerindia.com

26. "ਲੋਕਤੰਤਰ ਲੋਕਾਂ ਦੀਆਂ ਜ਼ਰੂਰਤਾਂ ਅਤੇ ਆਸਾਂ ਦੇ ਪ੍ਰਤੀ ਜਵਾਬਦੇਹ ਅਤੇ ਜ਼ੁੰਮੇਵਾਰ ਹੈ ।" ਕਥਨ ਦੀ ਪੁਸ਼ਟੀ ਕਰੋ । **5 × 1 = 5**

27. ਸੜਕ ਆਵਾਜਾਈ ਸਾਧਨਾਂ ਦੇ ਕਿਸੇ ਪੰਜ ਲਾਭਾਂ ਦਾ ਵਰਨਨ ਕਰੋ । **5**

28. ਭਾਰਤ ਵਿਚ ਵਪਾਰ ਦੇ ਰੂਪ ਵਿਚ ਟੂਰਿਜ਼ਮ (ਦੇਸ਼ ਰਟਨ) ਦੀ ਮਹਤਤਾ ਦਾ ਵਰਨਨ ਕਰੋ । **5**

29. ਤਿੰਨ ਲੱਛਣ A, B ਅਤੇ C ਭਾਰਤ ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਅੰਕਤ ਕੀਤੇ ਗਏ ਹਨ । ਇਨ੍ਹਾਂ ਲਛਣਾਂ ਨੂੰ ਹੇਠ ਲਿੱਖੀ ਜਾਣਕਾਰੀ ਦੀ ਮਦਦ ਦੇ ਨਾਲ ਪਛਾਣੋ ਅਤੇ ਸਹੀ ਨਾਮ ਮਾਨ ਚਿੱਤਰ ਉਪਰ ਖਿਚੀਆਂ ਗਈਆਂ ਰੇਖਾਵਾਂ ਉਪਰ ਲਿੱਖੋ :

(A) ਉਹ ਨਗਰ ਜਿਹੜਾ ਜਲਿਆਂਵਾਲਾ ਬਾਗ ਵਾਲੀ ਘਟਨਾ ਨਾਲ ਸੰਬੰਧਿਤ ਹੈ ।

(B) ਉਹ ਥਾਂ ਜਿਹੜਾ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਸਤਿਆਗਰਹਿ ਨਾਲ ਜੁੜਿਆ ਹੋਇਆ ਹੈ ।

(C) ਉਹ ਥਾਂ ਜਿੱਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ (ਸੈਸ਼ਨ) ਹੋਇਆ ਸੀ । **3 × 1 = 3**

**ਨੋਟ :** ਹੇਠ ਲਿੱਖੇ ਹੋਏ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **29** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **3 × 1 = 3**

(29.1) ਜਲਿਆਂਵਾਲਾ ਬਾਗ ਦੀ ਘਟਨਾ ਨਾਲ ਸੰਬੰਧਤ ਸ਼ੈਹਰ ਦਾ ਨਾਮ ਲਿੱਖੋ ।

(29.2) ਉਸ ਥਾਂ ਦਾ ਨਾਮ ਲਿੱਖੋ, ਜਿੱਥੇ ਨੀਲ ਦੀ ਖੇਤੀ ਕਰਨ ਵਾਲਿਆਂ ਨੇ ਸਤਿਆਗਰਹਿ ਕੀਤਾ ਸੀ ।

(29.3) ਉਸ ਸਥਾਨ ਦਾ ਨਾਮ ਲਿੱਖੋ, ਜਿਥੇ 1927 ਵਿਚ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ ਹੋਇਆ ਸੀ ।

30. ਭਾਰਤ ਦੇ ਦਿੱਤੇ ਹੋਏ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਹੇਠ ਲਿੱਖੇ ਲੱਛਣਾ ਨੂੰ ਢੁਕਵੇਂ ਚਿਨ੍ਹਾਂ ਨਾਲ ਦਿਖਲਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : **3 × 1 = 3**

(i) ਸਮੁੰਦਰੀ ਬੰਦਰਗਾਹ – ਹਲਦੀਆ

(ii) ਨਿਊਕਲੀ ਊਰਜਾ ਕਾਰਖਾਨਾ (Nuclear Power Station) – ਕੈਗਾ

(iii) ਸਾਫਟਵੇਯਰ ਟੇਕਨੋਲੋਜੀ ਪਾਰਕ – ਮੋਹਾਲੀ

**ਨੋਟ :** ਹੇਠ ਲਿੱਖੇ ਹੋਏ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **30** ਦੇ ਥਾਂ ਬਦਲਵੇਂ ਪ੍ਰਸ਼ਨ ਹਨ : **3 × 1 = 3**

(30.1) ਕੋਲਕਾਤਾ ਬੰਦਰਗਾਹ ਉਪਰ ਵਧਦੇ ਹੋਏ ਦਬਾਵ ਤੋਂ ਛੁਟਕਾਰਾ ਪਾਉਣ ਦੇ ਲਈ ਬਣਾਈ ਗਈ ਬੰਦਰਗਾਹ ਦਾ ਨਾਮ ਲਿੱਖੋ ।

(30.2) ਕੈਗਾ ਨਿਊਕਲੀ ਊਰਜਾ ਕਾਰਖਾਨਾ ਕਿਸ ਰਾਜ ਵਿਚ ਸਥਿਤ ਹੈ ।

(30.3) ਪੰਜਾਬ ਵਿਚ ਸਥਿਤ ਸਾਫਟਵੇਯਰ ਟੇਕਨੋਲੋਜੀ ਪਾਰਕ ਦਾ ਨਾਮ ਲਿੱਖੋ ।



www.careerindia.com

CAREERINDIA


यहाँ से काटें ---- Cut Here ---- यहाँ से काटें ---- Cut Here

ਪ੍ਰਸ਼ਨ ਸੰਖਿਆਂ 29 ਦੇ ਲਈ

**Map for Q. No. 29**

ਭਾਰਤ ਦਾ ਰਾਜਨੀਤਕ ਰੇਖਾ ਮਾਨਚਿੱਤਰ

**Outline Map of India (Political)**



www.careerindia.com


CAREERINDIA

ਪ੍ਰਸ਼ਨ ਸੰਖਿਆਂ 30 ਦੇ ਲਈ

**Map for Q. No. 30**

ਭਾਰਤ ਦਾ ਰਾਜਨੀਤਕ ਰੇਖਾ ਮਾਨਚਿੱਤਰ

**Outline Map of India (Political)**




यहाँ से काटें Cut Here

यहाँ से काटें Cut Here

www.careerindia.com